# ਦਫ਼ਤਰ ਡਾਇਰੈਕਟੋਰੇਟ ਆਫ਼ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ

ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਸ.ਅ.ਸ. ਨਗਰ

(ਪ੍ਰਮੋਸ਼ਨ ਸੈੱਲ)

ਨੰ: ੭੪੭੫੩੬/੨੦੨੫੨੪੧੬੩੫ ਮਿਤੀ: 19-09-2025

ਵਿਸ਼ਾ: ਮਾਸਟਰ ਕਾਡਰ ਤੋਂ ਲੈਕਚਰਾਰ ਕਾਡਰ ਵਿੱਚ ਪਦਉੱਨਤ ਹੋਏ ਕਰਮਚਾਰੀਆਂ ਦੀ ਸਟੇਸ਼ਨ ਅਲਾਟਮੈਂਟ ਸੰਬੰਧੀ।

1.0 ਵਿਭਾਗ ਵੱਲੋਂ ਵੱਖ-ਵੱਖ ਮਿਤੀਆਂ ਨੂੰ ਰੀਵਿਊ ਅਧੀਨ ਮਾਸਟਰ ਕਾਡਰ ਤੋਂ ਲੈਕਚਰਾਰ ਕਾਡਰ ਵਿੱਚ ਪਦਉੱਨਤ ਕੀਤੇ ਗਏ ਕਰਮਚਾਰੀ, ਜਿਨ੍ਹਾਂ ਨੇ ਪਦਉੱਨਤੀ ਉਪਰੰਤ ਆਪਣੇ-ਆਪਣੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਸਿੱਖਿਆ) ਦੇ ਦਫ਼ਤਰਾਂ ਵਿੱਚ ਹਾਜ਼ਰੀ ਦੇ ਦਿੱਤੀ ਸੀ, ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਨ੍ਹਾਂ ਦੀ ਸਟੇਸ਼ਨ ਅਲਾਟਮੈਂਟ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾ ਰਹੀ ਹੈ।

2.0 ਇਸ ਸੰਬੰਧ ਵਿੱਚ, ਸਾਰੇ ਯੋਗ ਕਰਮਚਾਰੀਆਂ ਲਈ ਸਟੇਸ਼ਨ ਚੋਣ ਪ੍ਰਕਿਰਿਆ ਨੂੰ ਪੂਰਾ ਕਰਨ ਲਈ ਹੇਠ ਲਿਖੇ ਕਦਮ ਨਿਰਧਾਰਤ ਕੀਤੇ ਗਏ ਹਨ:

- **ਵੈਕੈਂਸੀ ਲਿਸਟ:** ਪੂਰੇ ਰਾਜ ਦੀ ਲੈਕਚਰਾਰ ਕਾਡਰ ਦੀ ਖਾਲੀ ਅਸਾਮੀਆਂ (ਵੈਕੈਂਸੀ) ਦੀ ਸੂਚੀ ਮਿਤੀ 23-09-2025 ਤੱਕ ਸਾਰੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਦਫ਼ਤਰਾਂ ਵਿੱਚ ਉਪਲਬਧ ਕਰਵਾ ਦਿੱਤੀ ਜਾਵੇਗੀ।
- **ਨਿੱਜੀ ਤੌਰ 'ਤੇ ਹਾਜ਼ਰੀ:** ਸਬੰਧਤ ਕਰਮਚਾਰੀ ਮਿਤੀ 24-09-2025 ਨੂੰ ਸਵੇਰੇ 9:00 ਵਜੇ ਆਪਣੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਦੇ ਦਫ਼ਤਰ ਵਿਖੇ ਨਿੱਜੀ ਤੌਰ 'ਤੇ ਹਾਜ਼ਰ ਹੋਣਗੇ।
- **ਫਾਰਮ ਪ੍ਰਾਪਤੀ ਅਤੇ ਚੋਣ:** ਦਫ਼ਤਰ ਵਿਖੇ ਹਾਜ਼ਰ ਹੋਣ ਉਪਰੰਤ ਕਰਮਚਾਰੀ ਸਟੇਸ਼ਨ ਚੋਣ ਲਈ ਲੋੜੀਂਦਾ ਫਾਰਮ ਪ੍ਰਾਪਤ ਕਰਨਗੇ ਅਤੇ ਵੈਕੈਂਸੀ ਲਿਸਟ ਦੇਖ ਕੇ ਆਪਣੀ ਪਸੰਦ ਦੇ ਸਟੇਸ਼ਨ ਫਾਰਮ ਵਿੱਚ ਦਰਜ ਕਰਨਗੇ।
- **ਫਾਰਮ ਦੀ ਤਸਦੀਕ:** ਫਾਰਮ ਭਰਨ ਤੋਂ ਬਾਅਦ, ਇਸਨੂੰ ਸਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਤੋਂ ਹਸਤਾਖਰ/ਕਾਊਂਟਰ-ਹਸਤਾਖਰ ਕਰਵਾਉਣਾ ਲਾਜ਼ਮੀ ਹੈ।
- **ਆਨਲਾਈਨ ਅਪਲੋਡ:** ਤਸਦੀਕਸ਼ੁਦਾ ਫਾਰਮ ਦੀ PDF ਬਣਾ ਕੇ, ਵਿਭਾਗ ਦੁਆਰਾ ਜਾਰੀ ਕੀਤੇ ਗਏ ਗੂਗਲ ਲਿੰਕ 'ਤੇ ਵੇਰਵੇ ਭਰਨ ਤੋਂ ਬਾਅਦ ਅਪਲੋਡ ਕਰਨਾ ਹੋਵੇਗਾ।

3.0 **ਮਿਤੀ 24-09-2025 ਲਈ ਸਮਾਂ-ਸਾਰਣੀ:**

| ਕਾਰਵਾਈ | ਸਮਾਂ |
|---|---|
| ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਦਫ਼ਤਰ ਵਿਖੇ ਪਹੁੰਚਣਾ ਅਤੇ ਹਾਜ਼ਰੀ | ਸਵੇਰੇ 9:00 ਵਜੇ ਤੋਂ ਸਵੇਰੇ 9:45 ਵਜੇ ਤੱਕ |
| ਫਾਰਮ ਪ੍ਰਾਪਤ ਕਰਨਾ ਅਤੇ ਵੈਕੈਂਸੀ ਸੂਚੀ ਦੇਖਣਾ | ਸਵੇਰੇ 10:00 ਵਜੇ ਤੋਂ ਸਵੇਰੇ 10:30 ਵਜੇ ਤੱਕ |
| ਫਾਰਮ ਵਿੱਚ ਸਟੇਸ਼ਨਾਂ ਦੀ ਚੋਣ ਭਰਨਾ | ਸਵੇਰੇ 10:30 ਵਜੇ ਤੋਂ ਸਵੇਰੇ 11:30 ਵਜੇ ਤੱਕ |
| ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਤੋਂ ਪ੍ਰਤੀ-ਹਸਤਾਖਰ ਕਰਵਾਉਣਾ | ਸਵੇਰੇ 11:30 ਵਜੇ ਤੋਂ ਦੁਪਹਿਰ 1:30 ਵਜੇ ਤੱਕ |
| ਗੂਗਲ ਫਾਰਮ ਭਰਨਾ ਅਤੇ PDF ਅਪਲੋਡ ਕਰਨਾ | ਸਵੇਰੇ 11:30 ਵਜੇ ਤੋਂ ਦੁਪਹਿਰ 2:00 ਵਜੇ ਤੱਕ |
| ਗੂਗਲ ਫਾਰਮ ਨੂੰ ਅੰਤਿਮ ਰੂਪ ਵਿੱਚ ਜਮ੍ਹਾਂ ਕਰਨਾ | ਦੁਪਹਿਰ 2:00 ਵਜੇ ਤੱਕ |

4.0 ਜ਼ਰੂਰੀ ਹਦਾਇਤਾਂ:

- ਗੂਗਲ ਫਾਰਮ ਦਾ ਲਿੰਕ ਮਿਤੀ 24-09-2025 ਨੂੰ ਸਿਰਫ਼ ਸਵੇਰੇ 10:00 ਵਜੇ ਤੋਂ ਦੁਪਹਿਰ 2:00 ਵਜੇ ਤੱਕ ਹੀ ਖੁੱਲ੍ਹਾ ਰਹੇਗਾ।
- ਨਿਰਧਾਰਤ ਸਮੇਂ ਤੋਂ ਬਾਅਦ ਲਿੰਕ ਬੰਦ ਕਰ ਦਿੱਤਾ ਜਾਵੇਗਾ।
- ਨਿਰਧਾਰਤ ਸਮੇਂ ਦੇ ਅੰਦਰ ਫਾਰਮ ਨੂੰ ਤਸਦੀਕ ਕਰਵਾ ਕੇ ਆਨਲਾਈਨ ਅਪਲੋਡ ਕਰਨ ਦੀ ਪੂਰੀ ਜ਼ਿੰਮੇਵਾਰੀ ਸਬੰਧਤ ਕਰਮਚਾਰੀ ਦੀ ਹੋਵੇਗੀ।
- ਸਟੇਸ਼ਨ 'ਤੇ ਤੈਨਾਤੀ ਦੇ ਅੰਤਿਮ ਹੁਕਮ ਮੁੱਖ ਦਫ਼ਤਰ ਵੱਲੋਂ ਜਾਰੀ ਕੀਤੇ ਜਾਣਗੇ।

19/09/25

ਡਾਇਰੈਕਟਰ ਸਕੂਲ ਸਿੱਖਿਆ (ਸੈਕੰਡਰੀ), ਪੰਜਾਬ

# ਦਫਤਰ ਜਿਲ੍ਹਾ ਸਿੱਖਿਆ ਅਫ਼ਸਰ(ਸੈ.ਸਿ) ਬਠਿੰਡਾ

ਪਿਠਅੰਕਣ ਨੰ: ਅ-6/1( )2025/ 1738 ਮਿਤੀ 23.09.2025

ਉਪਰੋਕਤ ਦਾ ਉਤਾਰਾ ਸੰਬਧਤ ਸਕੂਲ ਮੁਖੀਆਂ ਜਿਲਾ ਬਠਿੰਡਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਅਨੁਸਾਰ ਲੈਕਚਰਾਰ ਕੇਡਰ ਵਿਚ ਪਦ ਉੱਨਤ ਲੈਕਚਰਾਰਾਂ ਦੀ ਸਟੇਸ਼ਨ ਚੋਣ ਪ੍ਰਕ੍ਰਿਆ ਨੂੰ ਪੂਰਾ ਕਰਨ ਲਈ ਮਿਤੀ 24.09.2025 ਦੀ ਸਮਾਂ ਸਾਰਣੀ ਅਨੁਸਾਰ ਇਸ ਦਫਤਰ ਵਿਖੇ ਪਦ ਉੱਨਤ ਲੈਕਚਰਾਰਾਂ ਦਾ ਹਾਜਰ ਹੋਣਾ ਯਕੀਨੀ ਬਣਾਇਆ ਜਾਵੇ ਅਤੇ ਪੱਤਰ ਵਿਚ ਦਰਜ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

23/09/25

ਜਿਲ੍ਹਾ ਸਿੱਖਿਆ ਅਫ਼ਸਰ (ਸੈ ਸਿ)
ਬਠਿੰਡਾ